**ਪੀ ਈ**

ਫਿਜ਼ੀਕਲ ਐਜੂਕੇਸ਼ਨ ਇਕ ਪ੍ਰੋਗਰਾਮ ਹੈ ਜਿੱਥੇ ਵਿਦਿਆਰਥੀ ਸਿਹਤ ਅਤੇ ਤੰਦਰੁਸਤੀ ਨਾਲ ਸੰਬੰਧਿਤ ਕਈ ਹੁਨਰ ਸਿੱਖਦੇ ਹਨ। ਇਨ੍ਹਾਂ ਵਿਚ ਜਿਮਨਾਸਟਿਕਸ, ਗੇਮਾਂ, ਡਾਂਸ, ਵੱਖ ਵੱਖ ਨਿੱਜੀ ਅਤੇ ਟੀਮ ਖੇਡਾਂ, ਅਤੇ ਇਸ ਦੇ ਨਾਲ ਨਾਲ ਅਜਿਹੀਆਂ ਹੋਰ ਸਰਗਰਮੀਆਂ ਸ਼ਾਮਲ ਹਨ ਜਿਹੜੀਆਂ ਸਹਿਣ ਸ਼ਕਤੀ, ਮਜ਼ਬੂਤੀ ਅਤੇ ਲਚਕਸ਼ੀਲਤਾ ਨੂੰ ਉਤਸ਼ਾਹ ਦਿੰਦੀਆਂ ਹਨ।

**ਪ੍ਰੋ-ਡੀ**

ਪ੍ਰੋਫੈਸ਼ਨਲ ਡਿਵੈਲਪਮੈਂਟ ਟੀਚਰਾਂ ਲਈ ਪੇਸ਼ਾਵਰਾਂ ਵਜੋਂ ਵਿਕਸਤ ਹੋਣਾ ਜਾਰੀ ਰਹਿਣ ਦਾ ਸਮਾਂ ਹੈ। ਇਹ ਦਿਨ ਵਿਦਿਆ ਮਹਿਕਮੇ ਨਾਲ ਟੀਚਰਾਂ ਦੇ ਸਾਂਝੇ ਐਗਰੀਮੈਂਟ ਦਾ ਹਿੱਸਾ ਹਨ। ਇਨ੍ਹਾਂ ਦਿਨਾਂ ਨੂੰ ਵਿਦਿਆਰਥੀਆਂ ਦੀਆਂ ਕਲਾਸਾਂ ਨਹੀਂ ਲੱਗਦੀਆਂ।

**ਪੀ ਟੀ ਸੀ**

ਪੇਰੈਂਟ-ਟੀਚਰ ਕਾਨਫਰੰਸਜ਼ ਮਾਪਿਆਂ ਅਤੇ ਟੀਚਰਾਂ ਲਈ ਵਿਦਿਆਰਥੀ ਦੀ ਤਰੱਕੀ ਬਾਰੇ ਗੱਲ ਕਰਨ ਲਈ ਮਿਲਣ ਦੇ ਸਮੇਂ ਹਨ।

**ਐੱਸ ਬੀ ਟੀ**

ਸਕੂਲ ਬੇਸਡ ਟੀਮ ਟੀਚਰਾਂ ਅਤੇ ਹੋਰ ਮਾਹਰਾਂ ਦਾ ਇਕ ਗਰੁੱਪ ਹੈ ਜਿਹੜੇ ਮੁਸ਼ਕਲਾਂ ਵਾਲੇ ਵਿਦਿਆਰਥੀਆਂ ਬਾਰੇ ਗੱਲ ਕਰਨ ਲਈ ਇਕੱਠੇ ਹੁੰਦੇ ਹਨ। ਐੱਸ ਬੀ ਟੀ ਇਨ੍ਹਾਂ ਵਿਦਿਆਰਥੀਆਂ ਲਈ ਮਦਦ ਦੀ ਵਿਉਂਤ ਬਣਾਉਣਾ ਸ਼ੁਰੂ ਕਰਦੀ ਹੈ।

VSB

**" Acronyms"**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

Canada | British Columbia — The Best Place on Earth | WelcomeBC

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।

# ਸ਼ਬਦਾਂ ਦੇ ਪਹਿਲੇ ਅੱਖਰਾਂ ਵਾਲੇ ਸ਼ਬਦ



## *ਸਕੂਲ ਵਿਚ ਆਮ ਵਰਤੇ ਜਾਂਦੇ ਸ਼ਬਦਾਂ ਦੇ ਅਰਥ*

*ਸਕੂਲਾਂ ਦੇ ਵੱਖ ਵੱਖ ਪ੍ਰੋਗਰਾਮ ਅਤੇ ਸੇਵਾਵਾਂ ਹੁੰਦੀਆਂ ਹਨ। ਸਹੂਲਤ ਲਈ, ਸਕੂਲ ਦਾ ਸਟਾਫ ਇਨ੍ਹਾਂ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਗੱਲ ਕਰਨ ਵੇਲੇ ਅਕਸਰ ਸ਼ਬਦਾਂ ਦੇ ਪਹਿਲੇ ਅੱਖਰਾਂ ਦੀ ਵਰਤੋਂ ਕਰਦਾ ਹੈ। ਸਕੂਲਾਂ ਵਿਚ ਕੁਝ ਆਮ ਵਰਤੇ ਜਾਂਦੇ ਸ਼ਬਦਾਂ ਦੇ ਪਹਿਲੇ ਅੱਖਰ ਇਸ ਤਰ੍ਹਾਂ ਹਨ।*

**ਏ ਆਈ ਪੀ**

ਐਨੂਅਲ ਇਨਸਟਰੱਕਸ਼ਨ ਪਲੈਨ ਇਕ ਵਿਉਂਤ ਹੈ ਜਿਹੜੀ ਸੁਣਨ, ਬੋਲਣ, ਪੜ੍ਹਣ ਅਤੇ ਲਿਖਣ ਦੇ ਖੇਤਰਾਂ ਵਿਚ ਅੰਗਰੇਜ਼ੀ ਸਿੱਖਣ ਬਾਰੇ ਈ ਐੱਸ ਐੱਲ ਵਿਦਿਆਰਥੀ ਦੀ ਤਰੱਕੀ ਦਾ ਪਤਾ ਲਾਉਂਦੀ ਹੈ।

**ਸੀ ਆਈ ਆਰ ਟੀ**

ਕ੍ਰਿਟੀਕਲ ਇਨਸੀਡੈਂਟ ਰਿਸਪੌਂਸ ਟੀਮ ਲੋਕਾਂ ਦਾ ਇਕ ਗਰੁੱਪ ਹੈ ਜਿਹੜਾ ਸਕੂਲ ਵਿਚਲੇ ਕਿਸੇ ਸੰਕਟ ਨਾਲ ਸਿੱਝਣ ਲਈ ਟਰੇਂਡ ਹੁੰਦਾ ਹੈ ਜਿਵੇਂ ਕਿ ਵਿਦਿਆਰਥੀ ਦੇ ਕਿਸੇ ਜਮਾਤੀ ਜਾਂ ਟੀਚਰ ਦੀ ਮੌਤ ਹੋਣਾ।

**ਡੀ ਪੀ ਏ**

ਡੇਅਲੀ ਫਿਜ਼ੀਕਲ ਐਕਟੀਵਿਟੀ ਇਕ ਪ੍ਰੋਗਰਾਮ ਹੈ ਜਿਹੜਾ ਕਿੰਡਰਗਾਰਟਨ ਤੋਂ ਲੈ ਕੇ ਗਰੇਡ 12 ਤੱਕ ਦੇ ਵਿਦਿਆਰਥੀਆਂ ਤੋਂ ਕਿਸੇ ਕਿਸਮ ਦੀ ਰੋਜ਼ਾਨਾ ਸਰੀਰਕ ਕਸਰਤ ਵਿਚ ਹਿੱਸਾ ਲੈਣ ਦੀ ਮੰਗ ਕਰਦਾ ਹੈ ਅਤੇ ਇਹ ਸਰੀਰਕ ਸਿੱਖਿਆ (ਪੀ ਈ) ਦੇ ਪ੍ਰੋਗਰਾਮ ਤੋਂ ਇਲਾਵਾ ਹੈ।

.

**ਈ ਐੱਲ ਸੀ**

ਇੰਗਲਿਸ਼ ਲੈਂਗੁਏਜ/ਲਰਨਿੰਗ ਸੈਂਟਰ ਉਹ ਹੈ ਜਿੱਥੇ ਈ ਐੱਸ ਐੱਲ ਸਿਖਾਂਦਰੂਆਂ ਨੂੰ ਜ਼ਬਾਨ ਬਾਰੇ ਵਾਧੂ ਮਦਦ ਦਿੱਤੀ ਜਾਂਦੀ ਹੈ।

**ਈ ਐੱਸ ਐੱਲ**

ਇੰਗਲਿਸ਼ ਐਜ ਏ ਸੈਕਿੰਡ ਲੈਂਗੁਏਜ ਇਕ ਸ਼ਬਦ ਹੈ ਜਿਹੜਾ ਉਨ੍ਹਾਂ ਸਿਖਾਂਦਰੂਆਂ ਬਾਰੇ ਦੱਸਣ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਦੀ ਅੰਗਰੇਜ਼ੀ ਪਹਿਲੀ ਜ਼ਬਾਨ ਨਹੀਂ ਹੈ।

**ਐੱਫ ਏ**

ਫਾਈਨ ਆਰਟਸ ਸਕੂਲ ਦਾ ਇਕ ਪ੍ਰੋਗਰਾਮ ਹੈ ਜਿਸ ਵਿਚ ਡਰਾਇੰਗ, ਪੇਂਟਿੰਗ, ਮੂਰਤੀਕਲਾ, ਮਿੱਟੀ ਦੀਆਂ ਚੀਜ਼ਾਂ ਬਣਾਉਣ ਦੀ ਕਲਾ, ਅਤੇ ਬੁਣਾਈ ਦੇ ਨਾਲ ਨਾਲ ਡਰਾਮਾ, ਨਾਚ, ਬੈਂਡ ਅਤੇ ਡਾਂਸ ਸ਼ਾਮਲ ਹੋ ਸਕਦੇ ਹਨ।

**ਐੱਫ ਡੀ ਕੇ**

ਫੁੱਲ-ਡੇਅ ਕਿੰਡਰਗਾਰਟਨ **5** ਸਾਲ ਦੀ ਉਮਰ ਦੇ ਬੱਚਿਆਂ ਲਈ ਸਕੂਲ ਦਾ ਪ੍ਰੋਗਰਾਮ ਹੈ।

**ਐੱਫ ਆਈ**

ਫਰੈਂਚ ਇਮਰਸ਼ਨ ਇਕ ਪ੍ਰੋਗਰਾਮ ਹੈ ਜਿੱਥੇ ਬੱਚਿਆਂ ਨੂੰ ਫਰੈਂਚ ਅਤੇ ਅੰਗਰੇਜ਼ੀ ਦੋਨਾਂ ਵਿਚ ਪੜ੍ਹਾਇਆ ਜਾਂਦਾ ਹੈ।

**ਐੱਫ ਐੱਸ ਏ**

ਫਾਉਂਡੇਸ਼ਨਲ ਸਕਿਲਜ਼ ਅਸੈੱਸਮੈਂਟ, ਵਿਦਿਆ ਮਹਿਕਮੇ ਵਲੋਂ ਟੈੱਸਟਾਂ ਦੀ ਔਪਸ਼ਨਲ ਸਲਾਨਾ ਲੜੀ ਹੈ। ਪੜ੍ਹਣ, ਲਿਖਣ ਅਤੇ ਹਿਸਾਬ ਦੇ ਇਹ ਟੈੱਸਟ ਸਿਰਫ ਗਰੇਡ 4 ਅਤੇ 7 ਵਿਚ ਦਿੱਤੇ ਜਾਂਦੇ ਹਨ।

**ਐੱਚ ਸੀ ਈ**

ਹੈਲਥ ਐਂਡ ਕੈਰੀਅਰ ਐਜੂਕੇਸ਼ਨ ਇਕ ਪ੍ਰੋਗਰਾਮ ਹੈ ਜਿਹੜਾ ਵਿਦਿਆਰਥੀਆਂ ਨੂੰ ਗਿਆਨ, ਹੁਨਰ ਅਤੇ ਵਤੀਰਿਆਂ ਬਾਰੇ ਦੱਸਦਾ ਹੈ ਤਾਂ ਜੋ ਉਨ੍ਹਾਂ ਦੀ ਜਾਣਕਾਰੀ ਲੈ ਕੇ ਫੈਸਲੇ ਕਰਨ ਵਾਲੇ ਬਣਨ ਵਿਚ ਮਦਦ ਹੋ ਸਕੇ ਅਤੇ ਸੁਰੱਖਿਅਤ ਅਤੇ ਸਿਹਤਮੰਦ ਚੋਣਾਂ ਕਰਨ ਵਿਚ ਉਨ੍ਹਾਂ ਦੀ ਮਦਦ ਹੋਵੇ।

**ਆਈ ਈ ਪੀ**

ਇਨਡਵਿਜੂਅਲ ਐਜੂਕੇਸ਼ਨ ਪਲੈਨ ਪੜ੍ਹਾਈ ਦੀਆਂ ਖਾਸ ਲੋੜਾਂ ਵਾਲੇ ਵਿਦਿਆਰਥੀਆਂ ਲਈ ਇਕ ਵਿਸਥਾਰ ਵਾਲੀ ਵਿਉਂਤ ਹੈ। ਹਰ ਪਲੈਨ ਪ੍ਰੋਗਰਾਮ ਵਿਚ ਸੋਧਾਂ ਅਤੇ/ਜਾਂ ਅਨੁਕੂਲ ਬਣਾਉਣ ਬਾਰੇ ਦੱਸਣ ਦੇ ਨਾਲ ਨਾਲ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਵੀ ਦੱਸਦੀ ਹੈ।

**ਕੇ-7**

ਕਿੰਡਰਗਾਰਟਨ ਤੋਂ ਗਰੇਡ **7** ਬਹੁਤੇ ਐਲੀਮੈਂਟਰੀ ਸਕੂਲਾਂ ਵਿਚਲੇ ਗਰੇਡ ਹਨ। ਇਸ ਵਿਚ ਪ੍ਰਾਇਮਰੀ ਗਰੇਡ (ਕੇ ਤੋਂ 3) ਅਤੇ ਇੰਟਰਮੀਡੀਏਟ ਗਰੇਡ (4 ਤੋਂ 7) ਸ਼ਾਮਲ ਹਨ।

**ਐੱਲ ਏ ਸੀ**

ਲਰਨਿੰਗ ਅਸਿਸਟੈਂਸ ਸੈਂਟਰ ਉਹ ਥਾਂ ਹੈ ਜਿੱਥੇ ਟੀਚਰ ਸਿੱਖਣ ਵਿਚ ਮੁਸ਼ਕਲਾਂ ਵਾਲੇ ਵਿਦਿਆਰਥੀਆਂ ਨਾਲ ਕੰਮ ਕਰਦੇ ਹਨ। ਉਹ ਈ ਐੱਸ ਐੱਲ ਸਿਖਾਂਦਰੂਆਂ ਨੂੰ ਵੀ ਮਦਦ ਦੇ ਸਕਦੇ ਹਨ।

**ਐੱਲ ਡੀ**

ਲਰਨਿੰਗ ਡਿਸਏਬਿਲਡ ਸ਼ਬਦ ਉਨ੍ਹਾਂ ਵਿਦਿਆਰਥੀਆਂ ਬਾਰੇ ਦੱਸਣ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਨੂੰ ਪੜ੍ਹਾਈ ਦੇ ਕੁੱਝ ਪੱਖਾਂ ਨਾਲ ਖਾਸ ਮੁਸ਼ਕਲਾਂ ਹਨ।